21634

੧ ੐ ਸਤਿਗੁਰਪ੍ਰਸਾਦਿ ॥

ਅਥ ਕਿਸਾ ਸਸੀ ਪੁਨੂੰ ਕ੍ਰਿਤ ਕਵਿ ਹਾਸ਼ਮ ਲਿਖ੍ਯਤੇ।

(ਸਿਫਤ ਪਰਮੇਸ਼ਰ ਦੀ)

ਹਿਕਮਤ ਓਸ ਖ਼ੁਦਾਵੰਦ ਵਾਲੀ ਮਾਲਕ ਮੁਲਕ ਮਲਕ ਦਾ। ਲਾਖ ਕਰੋੜ ਕਰਨ ਚਤਰਾਈ ਕੋਈ ਪਛਾਨ ਨਾ ਸਕਦਾ। ਕੁਦਰਤ ਨਾਲ ਰਹਾਂ ਸਰਗਰਦਾ ਦਾਇਮ ਚਰਖ ਫਲਕਦਾ। ਹਾਸ਼ਮ ਖ਼ੂਬ ਹੋਈ ਰੁਲਕਾਰੀ ਫ਼ਰਸ਼ਫਨਾਹ ਖਲਕ ਦਾ ॥ ੧ ॥ ਜੋਮਖ਼ਲਕਨਾ ਬਾਹਰ ਇਸਥੀਂ ਹਰਫ ਸੁਖ਼ਨ ਵਿਚ ਆਯਾ। ਹਸਨ ਕਲਾਮ ਜੋ ਸਾਇਰ ਕਰਦੇ ਸੁਖ਼ਨ ਅਸਾਂ ਥੀਂ ਆਯਾ। ਐਹਾ ਅਕਲ ਨ੍ਹੂਰ ਅਸਾਡਾ ਅਸਾਂ ਭੀ ਆਖ ਸੁਨਾਯਾ। ਹਿਕਮਤ ਨਾਲ ਹਕੀਮ ਅਕਲ ਦੇ ਹਰ ਇਕ ਬਾਮ ਦਿਖਾਯਾ ॥ ੨ ॥ ਹਿਕਮਤ ਨਾਲ ਹਕੀਮ ਅਜ਼ਲ ਦੇ ਨਕਸ਼ ਨਗਾਰ ਬਨਾਯਾ। ਨੈ ਅਸਵਾਰ ਅਸੀਰ ਇਸ਼ਕ ਦਾ ਕਦ ਜਿਸਮ ਵਿਚ ਪਾਇਆ। ਸੁਣ ਸੁਣ ਬੋਤ ਸਸੀ ਦੀਆਂ ਬਾਤਾਂ ਕਾਮਲ ਇਸ਼ਕ ਕਮਾਯਾ ॥ ਹਾਸ਼ਮ ਜੋ ਸਤ ਥੀਂ ਅਤ ਕੀਤਾ ਵਹਿਮ ਉਤੇ ਵਲ ਆਯਾ ॥ ੩ ॥ ਸਿਫਤ ਬਾਦਸ਼ਾਹ ਆਦਮ ਦੀ। ਆਦਮ ਜਾਮ ਭੰਬੋਰ ਸ਼ਹਿਰ ਦਾ ਸਾਹਿਬ ਤਖਤ ਕਹਾਵੇ। ਬਹਿਸ਼ਤੀ ਨੂਰ ਜਨਾਇਤ ਆਦਮ ਹਰ ਇਕ ਸੀਸ ਨਿਵਾਵੇ। ਸ਼ਾਹ ਜਲਾਲ ਸਕੋਦਰ ਵਾਲੀ ਖਾਤਰ ਮੂਲ ਨ ਲਿਆਵੇ। ਹਾਸ਼ਮ ਆਖ ਜਬਾਨ ਨ ਸਕਦੀ ਕੌਣ ਤਾਰੀਫ ਸੁਨਾਵੇ ॥ ੪ ॥ ਸ਼ਹਿਰ ਭੰਬੋਰ ਮਕਾਨ ਇਲਾਹੀ ਅਜਬ ਬਹਿਸ਼ਤ ਬਨਾਯਾ। ਫਰਸ਼ ਫਰੂਸਰਮਨ ਗੁਲ ਬੂਟਾਂ ਹਰ ਹਰ ਜਾਤਿ ਲਗਾਯਾ। ਨਦੀਆਂ ਹੌਜ ਤਲਾਉ ਚੁਤਰਫੀ ਰਲ ਮਿਲ ਸਮਾ ਸੁਹਾਯਾ। ਹਾਸ਼ਮ ਰੂਹ ਰਹੇ ਵਿਚ ਫਸਿਆ ਨਵਾਂ ਫਰੂਸ ਵਸਾਯਾ ॥੫। ਅਮੀਰ ਵਜ਼ੀਰ ਗੁਲਾਮ ਕਰੋੜਾਂ ਲਸ਼ਕਰ ਫੌਜ ਖਜਾਨੇ ਸਬਜੇ ਸੁਰ ਨਿਸ਼ਾਨ ਹਜਾਰਾਂ ਸਧਾਮ ਘਟੀ ਸਮਧਾਨੇ। ਪਾਵਨੇ

ਖੈਰ ਫਕੀਰ ਮੁਸਾਫਰ ਸਾਹਿਬ ਹੋਸ਼ ਦਿਵਾਨੇ। ਹਾਸਮ ਏਸ ਗਮੀ ਵਿਚ ਆਜ਼ਜ਼ ਹੋਸ਼ ਉਲਾਦਨਖਾਨੇ ॥੬॥ ਖਾਹਸ਼ ਓਸ ਉਲਾਦ ਹਮੇਸਾਂ ਪਰੀ ਸ਼ਹੀਦ ਮਨਾਵੇ। ਦੇਵੇ ਲਬਾਸ ਪੁਸ਼ਾਕ ਗਰੀਬਾਂ ਭੁਖਿਆਂ ਤਾਮ ਖੁਲਾਵੇ। ਦੇਖ ਉਜਾੜ ਮੁਸਾਫਰਾਂ ਕਾਰਨ ਤਾਲ ਸਜਾਇ ਬਨਾਵੇ ਹਾਸਮ ਕਰੇ ਜਹਾਨ ਦੁਆਈਆਂ ਸਾਈ ਆਸ ਪੁਜਾਵੇ ॥ ੭ । ਦੁਰਿਯਤੀਮ ਹਫਦ ਵਿਚ ਹੋਯਾ ਸੁਨੀ ਪੁਕਾਰ ਦਿਲਾਂਦੀ । ਫਿਰੀ ਬਹਾਰ ਸਗੂਫੇ ਵਾਲੀ ਹੋਈ ਉਮੈਦ ਗੁਲਾਂ ਦੀ। ਸਜਮਾ ਕੁਲ ਹੋਈ ਅਬਰੇਸ਼ਮ ਹੈਸੀ ਖਸਤ ਸੁਲਾਂਦੀ। ਹਾਸ਼ਮ ਦੇਖ ਹੋਏ ਗਲਲਾਲਾ ਰੋਜ਼ ਬਹਾਰ ਫੁਲਾਂ ਦੀ ॥੮॥ ਸੱਸੀ ਜਨਮ ਲਿਆ ਸਬਕਦਰੇ ਅਸਲ ਹਾਲਲ ਦਰਖਸਾਂ। ਅਕਲ ਕਿਆਸ ਖਿਆਲੋਂ ਬਾਹਰ ਨ ਜ਼ਰ ਕਰੇ ਵਲ ਨਕਸਾਂ ਦੇਖ ਬੇਆਬ ਹੋਏ ਨਗ ਮੋਤੀ ਸੋਗੇ ਲਾਲ ਬਦਖਸਾਂ। ਹਾਸਮ ਆਖ ਤਰੀਫ ਹੁਸਨ ਦੀ ਸਪਸ ਮਸਾਲ ਦਰ ਖਸਾਂ ॥੯॥ ਜੁਲਮ ਜਹਾਨ ਹੋਯਾ ਏਸਹਾਲੀ ਫਿਰਆ ਨੇਕ ਜਮਾਨਾ ਨੌਬਤ ਨਾਹ ਸੁਮਾਰ ਨ ਕੋਈ ਧੁਰਪਦਨਾਲ ਤਰਾਨਾ ।ਕਰ ਸਿਰਵਾਰ ਸਟਨ ਜ਼ਰ ਮੋਤੀ ਹੋਰ ਜਵਾਰ ਖਾਨਾ ॥ ਹਾਸਮ ਖੈਰ ਕੀਤਾ ਫੁਕਰਵਾ ਮੁਲਕ ਮਾਲ ਖਜਾਨਾ ॥ ੧੦ ॥ ਅਹਲ ਨਜੂਮ ਸੱਜੇ ਉਸ ਵੇਲੇ ਹਿਫਜ਼ ਤੁਰੈਤ ਜੁਬਾਨੀ। ਸਾਹਿਬ ਯੁਮਨ ਕਰਾਮਤ ਵਾਲੇ ਖਬਰ ਦੇਵਨ ਅਸਮਾਨੀ। ਦੇਖਨ ਉਮਰ ਨਸੀਬ ਸਸੀ ਦੇ ਖੋਲ ਰੁਬਾਨੀ। ਹਾਸਮ ਭਾਰ ਸੱਸੀ ਸਿਰਡਾਢੇਹੋਸ਼ ਬਿਤਾਬਅਸਾਨੀ ।੧੧। ਦੇਖ ਕਿਤਾਬ ਨਜੂਮਨਜੂਮੀ ਹੋਇ ਰਹੇ ਚੁਪ ਸਾਰੇ । ਜ਼ਾਲਮ ਹੁਕਮ ਬਾਹ ਸੁਲਤਾਨਾ ਕੌਨ ਕੋਈ ਦਮ ਮਾਰੇ ਪਾਤਬਾਹ ਸਚ ਬੋਲਨਮੁਸਕਲ ਹੋਏ ਲਾਚਾਰ ਵਿਚਾਰੇ। ਹਾਸਮ ਬਖਤ ਬਖੀਲ ਸਸੀ ਦੇ ਕੌਣ ਜਿਤੇ ਕੌਨ ਹਾਰੇ ।੧੨ । ਸਾਹੁ ਦਰਬਾਰ ਕਹਿਆ ਝਾਬ ਆਖੋ ਕਹੋ ਜੁਬਾਬ ਕੀ ਆਵੇ। ਅਰਜ਼ ਕੀਤੀ ਦਰਬਾਰ ਤੁਸਾਦੇ ਸੁਖਨ ਨ ਕੀਤਾ ਜਾਵੇ। ਰਾਸਤ ਜਬਾਨ ਨ ਹੋਵੇ ਕੋਈ ਝੂਠ ਇਮਾਨ ਜਲਾਵੇ

ਹਾਸ਼ਮ ਕਰਨ ਲੁਕਾਉ ਬਦੇਰਾ ਪਰ ਹੋਣੀ ਕੌਣ ਮਿਟਾਵੇ ॥ ੧੩ ॥
ਓੜਕ ਏਂਹ ਉਤਾਰ ਨਨ੍ਹੀ ਬਾਤ ਕਹੀ ਮਨ ਭਾਨੀ। ਕਾਮਲ ਇਸ਼ਕ ਸਸੀ ਤਨ ਦੇਸੀ ਬਜਹੋਗੁ ਜੁਆਨ ਸਿਆਣੀ। ਮਸਤ ਬਿਹੋਸ਼ ਥਲਾਂ ਵਿਚ ਮਰਸੀ ਦਰਦ ਫਿਰਾਕ ਦੀਵਾਨੀ ਹਾਸ਼ਮ ਦਾਗ ਲਗਾ ਉਸਕੁਲ ਨੂੰ ਜਗ ਵਿਚ ਦੋਗ ਕਹਾਣੀ ॥੧੪॥ ਸੁਨ ਦਲਗੀਰ ਹੋਇਆ ਦਿਲ-ਬਰੀਆਂ ਮਾਂ ਪਿਉ ਏਸ ਕਬੀਲਾ। ਆਤਸ ਚਮਕ ਉਠੀ ਹਰ ਦਿਲ ਨੂੰ ਨਿਓ ਕਰਤੇਲਫਤੀਲਾ। ਖੁਸ਼ੀ ਖਰਾਬ ਹੋਈ ਵਿਚ ਗਮ ਦੇ ਜ਼ਰਦ ਹੋਇਆ ਰੰਗ ਪੀਲਾ। ਹਾਸ਼ਮ ਬੈਠ ਦਨਾਇ ਸਿਆਨੇ ਹੋਰ ਵਿਚਾਰਨ ਹੀਲਾ ॥੧੫॥ ਏਉਮੈਦ ਹੋਇਆ ਹਬ ਧੋਤੇ ਬਾਪ ਉਮੈਦ ਉਲਾਦੋਂ। ਜ਼ਾਲਮ ਰੂਪ ਹੋਇਆ ਦਿਲ ਉਸਦਾ ਭਯਾ ਸਖਤ ਜਲਾਦੋਂ। ਨੰਗ ਨਮੂਜ਼ਮੇਚਾ ਕੀ ਹੋ ਵਸ ਏਸ ਪਲੀਤ ਉਲਾਦੋਂ। ਹਾਸ਼ਮ ਖਬਰ ਕਰੋ ਫ਼ਰਮਾਇਆ ਫਾਰਗ ਹੋ ਫਸਾਦੋ ॥੧੬॥ਕਹਯਾਵਜੀਰ ਕੀ ਦੋਸ ਸਸੀ ਨੂੰ ਲਿਖਿਆ ਲਖ ਕਹਾਰੀ। ਬਤਕਸੀਰ ਕੁਹਾਵਨ ਬੇਟੀ ਨਾਸ ਦੇਵੇ ਕੁਲਸ ਦੀ। ਇਸ ਸੇ ਪਾਪ ਦੀ ਹੋਰ ਵਧੇਰੇ ਕੌਨ ਦੇਵੇ ਹਤਿਆ-ਰੀ। ਹਾਸ਼ਮ ਪਾਇਸੰਦੂਕ ਦੜਾਇਓ ਮੂਲੋਂ ਜਦਕਦ ਖੁਆਰੀ॥੧੭॥ ਫਰਸ਼ਜਮੀਨ ਤੇ ਹਰਇਕ ਭਾਂਈ ਮਾਂਪਿਉ ਬਹੁਤ ਪਿਆਰਾ। ਸੋ ਫਿਰ ਆਪ ਦੜਾਵਨ ਉਸਨੂੰ ਦੇਖ ਗੁਨਾਹ ਨਕਾਰਾ। ਧੰਨ ਓਹ ਸਾਹਿਬ ਸਿਰਜਨਹਾਰ ਔਬ ਛੁਪਾਵਨਹਾਰਾ। ਹਾਸ਼ਮਜੋਓਹਕਰੇ ਅਦਾਲਤ ਕੌਨਕਰੇਨਿਸਤਾਰਾ ॥ ੧੮ ॥ ਵਾਹ ਕਮਾਲ ਨਸੀਬ ਸਸੀ ਦੇ ਨਾਮ ਲਿਆਂ ਦਿਲ ਡਰਦਾ ॥ ਤਖਤੋਂ ਜਾ ਸੁਟੇ ਸੁਲਤਾਨਾ ਖੈਰ ਪਵੇ ਦਰ ਦਰਦਾ। ਵੈਲ ਗਰੀਬ ਨਾਕਾਬਲ ਜਾਂ ਦਾ ਜਿਮੀ ਸਿਰ ਧਰਦਾ ॥ ਹਾਸ਼ਮ ਜਾ ਨਾ ਵੇਲਨ ਵਾਲੀ ਜੋ ਚਾਹੇ ਸੋ ਕਰਦਾ ॥੧੯॥ ਜਿਸ ਉਸਤਾਦ ਸੰਦੂਕ ਸਸੀਦਾ ਘੜਿਆ ਨਾਲ ਕਹਿਰਦੇ। ਅਫਲਾਤੂ ਹੋਰ ਅਰਸਤੂ ਜਹੇ ਹੋਨ ਸ਼ਾਗਿਰਦ ਉਮਰਦੇ। ਜੀਨਤ ਜੇਬ ਸਿਖਨ ਕਸ ਉਸਥੀਂ ਦਿਲਬਰ ਚੀਨ ਮਿਸਰਦੇ ਹਾਸ਼ਮ ਦੇਖ ਉਸ ਸ਼ਖਾਸ਼ ਕਦੇਰ

ਸਭ ਹਕ ਰਾਖਵੇਂ ਹਨ ਬਿਨਾਂ ਆਗਿਆ ਕੋਈ ਨਾ ਛਾਪੇ ।

ੴ ਸਤਿਗੁਰਪ੍ਰਸਾਦਿ ॥

G.208

ਕਿੱਸਾ

ਸਸੀ ਪੁੰਨੂੰ ਹਾਸ਼ਮ

ਭਾਈ ਚਤਰ ਸਿੰਘ ਜੀਵਨ ਸਿੰਘ
ਪੁਸਤਕਾਂ ਵਾਲੇ ਬਜ਼ਾਰ ਮਾਈ ਸੇਵਾਂ ਅਮ੍ਰਿਤਸਰ ਨੇ
ਛਪਵਾਕੇ ਪ੍ਰਕਾਸ਼ਤ ਕੀਤਾ

SIKH REFERENCE LIBRARY LAHORE

ਭਾਰਤ ਪ੍ਰਿੰਟਿੰਗ ਪ੍ਰੈਸ (ਕਟੜਾ ਰਾਮਗੜ੍ਹੀਆ, ਅਮ੍ਰਿਤਸਰ ਵਿਚ ਭਾਈ ਠਾਕਰਸਿੰਘ
ਮੈਨੇਜਰ ਤੇ ਪ੍ਰਿੰਟਰ ਦੇ ਯਤਨ ਨਾਲ ਛਪਯਾ ॥

ਦੇ ਹਜ਼ਾਰ] [ਮੁਲ ਦੋ ਆਨੇ

TO READ THE ENTIRE BOOK PLEASE CONTACT US:

whatsapp: +92-3160770117

email: worldcentreforpunjabi@gmail.com

World Centre for Punjabi, Lahore, Pakistan.